# ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਮੈਡੀਕਲ ਸਿੱਖਿਆ ਭਵਨ, ਸੈਕਟਰ-69, ਐਸ.ਏ.ਐਸ. ਨਗਰ।

(ਐਮ.ਈ.-1 ਸ਼ਾਖਾ)

ਸੇਵਾ ਵਿਖੇ

ਡਾਇਰੈਕਟਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ,
ਚੰਡੀਗੜ੍ਹ।

ਮੀਮੋ ਨੰ: (3).ਐਮ.ਈ.1/ਪੰਜਾਬ/2020/ 19557 ਮਿਤੀ: 1-12-2020

ਵਿਸ਼ਾ:- **ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਸਹਾਇਕ ਪ੍ਰੋਫੈਸਰ ਦੀਆਂ ਤਰੱਕੀ ਕੋਟੇ ਦੀਆਂ ਖਾਲੀ ਅਸਾਮੀਆਂ ਭਰਨ ਬਾਰੇ।**

* * * * *

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਅਤੇ ਪਟਿਆਲਾ ਵਿਖੇ ਵੱਖ-ਵੱਖ ਵਿਭਾਗਾਂ ਵਿੱਚ ਸਹਾਇਕ ਪ੍ਰੋਫੈਸਰ ਦੀਆਂ ਤਨਖਾਹ ਸਕੇਲ ਰੁਪਏ 37400-67000+8600/- ਗ੍ਰੇਡ ਪੇ ਵਿੱਚ ਮੰਨਜੂਰਸ਼ੁਦਾ ਅਸਾਮੀਆਂ ਵਿੱਚ ਤਰੱਕੀ ਕੋਟੇ ਦੀਆਂ ਖਾਲੀ ਅਸਾਮੀਆਂ **(ਅਨੁਲੱਗ-ੳ)** ਨੂੰ ਭਰਨ ਲਈ ਪੰਜਾਬ ਮੈਡੀਕਲ ਐਜੂਕੇਸ਼ਨ (ਗਰੁੱਪ ਏ) ਸਰਵਿਸ ਰੂਲ 2016 ਅਧੀਨ ਯੋਗ ਡਾਕਟਰਾਂ ਪਾਸੋਂ ਯੋਗ ਪ੍ਰਣਾਲੀ ਰਾਹੀਂ ਅਰਜ਼ੀਆਂ ਮੰਗੀਆ ਜਾਂਦੀਆ ਹਨ। ਅਰਜੀ ਫਾਰਮ ਨਾਮ ਨਾਲ ਨੱਥੀ ਹੈ। ਬਿਨੈਕਾਰ ਅਪਲਾਈ ਕਰਨ ਲਈ ਪਹਿਲਾਂ ਵਿਭਾਗ ਦੀ ਵੈਬਸਾਈਟ ਉੱਤੇ ਉਪਲਬਧ ਆਨ ਲਾਈਨ ਫਾਰਮ ਭਰੇਗਾ, ਇਹ ਆਨ ਲਾਈਨ ਭਰਿਆ ਫਾਰਮ ਬਿਨੈਕਾਰ ਦੀ ਈਮੇਲ ਉੱਤੇ ਪ੍ਰਾਪਤ ਹੋਵੇਗਾ, ਇਸ ਈਮੇਲ ਦਾ ਪ੍ਰਿੰਟ ਬਿਨੈਕਾਰ ਆਪਣੇ ਅਰਜੀ ਫਾਰਮ ਨਾਲ ਨੱਥੀ ਕਰੇਗਾ। ਇਸ ਪ੍ਰੋਫਾਰਮੇ ਅਤੇ ਰੂਲਾਂ ਦੀ ਕਾਪੀ ਵਿਭਾਗ ਦੀ ਵੈਬ-ਸਾਈਟ **www.punjabmedicaleducation.org** ਉੱਤੇ ਉਪਲੱਬਧ ਹੈ। ਯੋਗ ਬਿਨੈਕਾਰ ਮਿਤੀ 24/12/2020 ਸ਼ਾਮ 5:00 ਵਜੇ ਤੱਕ ਅਪਲਾਈ ਕਰ ਸਕਦੇ ਹਨ।

3. ਇਹਨਾਂ ਅਸਾਮੀਆਂ ਅਤੇ ਰਾਖਵਾਂਕਰਨ ਦੀ ਗਿਣਤੀ ਘੱਟ ਜਾਂ ਵੱਧ ਸਕਦੀ ਹੈ। ਕਿਸੇ ਵੀ ਵਿਭਾਗ ਵਿੱਚ ਕਿਸੇ ਵੀ ਅਸਾਮੀ ਨੂੰ ਭਰਨ ਜਾਂ ਨਾ ਭਰਨ ਜਾਂ ਵਾਪਸ ਲੈਣ ਦਾ ਅਧਿਕਾਰ ਸਰਕਾਰ ਪਾਸ ਹੋਵੇਗਾ। ਜੇਕਰ ਇਹ ਵਿਗਿਆਪਨ ਵਾਪਿਸ ਲਿਆ ਜਾਂਦਾ ਹੈ ਜਾਂ ਅਸਾਮੀਆਂ ਦੀ ਗਿਣਤੀ ਵਾਪਿਸ ਲਈ ਜਾਂਦੀ ਹੈ ਤਾਂ ਉਸ ਸੂਰਤ ਵਿੱਚ ਬਿਨੈਕਾਰ ਦਾ ਇੰਨ੍ਹਾਂ ਅਸਾਮੀਆਂ ਤੇ ਕੋਈ ਅਧਿਕਾਰ ਨਹੀ ਹੋਵੇਗਾ।

4. ਇਹਨਾਂ ਅਸਾਮੀਆਂ ਨੂੰ ਪੰਜਾਬ ਮੈਡੀਕਲ ਐਜੂਕੇਸ਼ਨ (ਗਰੁੱਪ ਏ) ਰੂਲਜ਼, 2016 ਵਿੱਚ ਦਰਜ ਉਪਬੰਧਾਂ ਅਨੁਸਾਰ ਭਰਿਆ ਜਾਵੇਗਾ ਅਤੇ ਇਹਨਾਂ ਰੂਲਾਂ ਦੇ ਪੈਰਾ 8(3) ਅਨੁਸਾਰ ਮਿਤੀ 01-01-2020 ਤੱਕ

50 ਸਾਲ ਤੱਕ ਦੀ ਉਮਰ ਵਾਲੇ ਬਿਨੈਕਾਰ ਹੀ ਯੋਗ ਹੋਣਗੇ ਅਤੇ ਇਸ ਤੋਂ ਵੱਧ ਉਮਰ ਵਾਲੇ ਬਿਨੈਕਾਰ ਯੋਗ ਨਹੀ ਹੋਣਗੇ।

5. ਸਬੰਧਤ ਡਾਕਟਰ ਦੀ ਪੜ੍ਹਾਈ ਦਾ ਤਜਰਬਾ, ਰੂਰਲ ਸੇਵਾ ਤਜਰਬਾ ਆਦਿ ਭਾਵ ਯੋਗਤਾ ਅਰਜੀਆਂ ਅਪਲਾਈ ਕਰਨ ਦੀ ਅੰਤਿਮ ਮਿਤੀ ਤੱਕ ਗਿਣਿਆ ਜਾਵੇਗਾ। ਇਸ ਦਫਤਰ ਨੂੰ ਪ੍ਰਾਪਤ ਅਗੇਤਰੀ ਕਾਪੀ ਉੱਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਗਲਤ ਭਰੀਆਂ ਅਰਜੀਆਂ ਜਾਂ ਜਿਹਨਾਂ ਅਰਜੀਆਂ ਨਾਲ ਵਿੱਦਿਅਕ ਯੋਗਤਾ ਅਤੇ ਤਜਰਬੇ ਸਰਟੀਫਿਕੇਟ ਦੀਆਂ ਸੈਲਫ ਤਸਦੀਕਸ਼ੁਦਾ ਕਾਪੀਆਂ ਨਹੀ ਹੋਣਗੀਆਂ, ਜਾਂ ਜਿਹੜੀਆਂ ਅਰਜੀਆਂ ਅਧੂਰੀਆਂ ਭਰੀਆਂ ਹੋਈਆ ਜਾਂ ਮਿੱਥੀ ਮਿਤੀ ਤੋਂ ਬਾਅਦ ਪ੍ਰਾਪਤ ਹੋਣਗੀਆਂ ਉਨ੍ਹਾਂ ਤੇ ਕੋਈ ਕਾਰਵਾਈ ਨਹੀ ਹੋਵੇਗੀ, ਇਸ ਸਬੰਧੀ ਬਿਨੈਕਾਰ ਨੂੰ ਕੋਈ ਸੂਚਨਾ ਵੀ ਨਹੀਂ ਭੇਜੀ ਜਾਵੇਗੀ ਅਤੇ ਬਾਅਦ ਵਿੱਚ ਇਸ ਬਾਰੇ ਕੋਈ ਅਪੀਲ ਜਾਂ ਦਲੀਲ ਨਹੀ ਸੁਣੀ ਜਾਵੇਗੀ।

6. ਜਿਨ੍ਹਾਂ ਬਿਨੈਕਾਰਾਂ ਨੇ ਇੰਨ੍ਹਾਂ ਅਸਾਮੀਆਂ ਲਈ ਪਹਿਲਾਂ ਕਿਸੇ ਵਿਗਿਆਪਨ ਦੇ ਹਵਾਲੇ ਵਿੱਚ ਅਪਲਾਈ ਕੀਤਾ ਸੀ, ਉਨ੍ਹਾਂ ਅਰਜੀਆਂ ਉੱਤੇ ਕੋਈ ਵਿਚਾਰ ਨਹੀਂ ਹੋਵੇਗਾ। ਇਨ੍ਹਾਂ ਅਸਾਮੀਆਂ ਲਈ ਅਪਲਾਈ ਕਰਨਾ ਜਰੂਰੀ ਹੋਵੇਗਾ।

7. ਇਹ ਪੱਤਰ ਆਪਣੇ ਵਿਭਾਗ ਅਧੀਨ ਸਾਰੇ ਅਦਾਰਿਆਂ ਵਿੱਚ ਸਰਕੂਲੇਟ ਕਰ ਦਿੱਤਾ ਜਾਵੇ ਅਤੇ ਵਿਭਾਗ ਦੀ ਵੈਬਸਾਈਟ ਉੱਤੇ ਵੀ ਉਪਲਬਧ ਕਰਵਾਇਆ ਜਾਵੇ ਜੀ। ਇਸ ਵਿਗਿਆਪਨ ਦੇ ਸਬੰਧ ਵਿੱਚ ਜਿਹੜੀਆਂ ਅਰਜੀਆਂ ਪ੍ਰਾਪਤ ਹੋਣ ਉਹ ਅਰਜੀਆਂ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ ਇਸ ਦਫਤਰ ਵਿਖੇ ਪਹੁੰਚਾਉਣ ਦੀ ਕਿਰਪਾਲਤਾ ਕੀਤੀ ਜਾਵੇ।

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।**

ਪਿੱ.ਅੰ.ਨੰ: (3).ਐਮ.ਈ.1/ਪੰਜਾਬ/2020/ 19558 ਮਿਤੀ: 1-12-2020

ਉਤਾਰਾ ਮਾਨਯੋਗ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ (ਸਿਹਤ-3 ਸ਼ਾਖਾ), ਸੈਕਟਰ-9, ਚੰਡੀਗੜ੍ਹ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।

**ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।**

ਅਨੁਲੱਗ - ੳ

| Sr. No. | Department | Tentative Number of Vacant Posts | |
|---|---|---|---|
| | | Un-reserved | Reserved for SC |
| 1 | Anatomy | 1 | 1 |
| 2 | Physiology | 1 | 0 |
| 3 | Biochemistry | 1 | 1 |
| 4 | Pathology | 3 | 1 |
| 5 | Microbiology | 3 | 1 |
| 6 | Pharmacology | 0 | 0 |
| 7 | Forensic Medicine | 0 | 1 |
| 8 | Community Medicine including Public Health | 0 | 1 |
| 9 | Medicine | 2 | 0 |
| 10 | Surgery | 3 | 0 |
| 11 | Obstetrics and Gynecology | 8 | 2 |
| 12 | Paediatrics | 1 | 1 |
| 13 | Tuberculosis and Respiratory Medicine/Pulmonary Medicine | 2 | 0 |
| 14 | Psychiatry | 1 | 2 |
| 15 | Dermatology, Venereology and Leprosy | 1 | 0 |
| 16 | Orthopaedics | 0 | 1 |
| 17 | Anaesthesiology | 0 | 1 |
| 18 | Radio-diagnosis | 1 | 1 |
| 19 | Radiotherapy | 3 | 1 |
| 20 | Oto-Rhino-Laryngology | 2 | 1 |
| 21 | Ophthalmology | 2 | 1 |
| 22 | Nuclear Medicine | 2 | 1 |
| 23 | Physical Medicine and Rehabilitation | 4 | 1 |
| 24 | Immuno Haematology and Blood Transfusion | 0 | 1 |
| 25 | Hospital Administration | 2 | 1 |
| 26 | Neonatalogy | 2 | 1 |
| 27 | Cardiology | 2 | 1 |
| 28 | Endocrinology | 2 | 1 |
| 29 | Medical Gastroenterology | 2 | 1 |
| 30 | Medical Oncology | 2 | 1 |
| 31 | Nephrology | 1 | 1 |
| 32 | Neurology | 2 | 1 |
| 33 | Cardio Vascular & Thoracic Surgery | 2 | 1 |
| 34 | Urology | 2 | 1 |
| 35 | Neuro-Surgery | 2 | 1 |
| 36 | Paediatric Surgery | 2 | 1 |
| 37 | Plastic & Reconstructive surgery | 1 | 1 |
| 38 | Surgical Oncology | 2 | 1 |

Note:- 1) ਉਪਰੋਕਤ ਅਨੁਸਾਰ ਖਾਲੀ ਅਸਾਮੀਆਂ ਅਤੇ ਰਾਖਵਾਂਕਰਨ ਟੈਂਟਾਟਿਵ ਹੈ। ਖਾਲੀ ਅਸਾਮੀਆਂ ਅਤੇ ਰਾਖਵਾਂਕਰਨ ਭਲਾਈ ਵਿਭਾਗ ਦੀ ਟੀਮ ਤੋਂ ਰਾਖਵਾਂਕਰਨ ਰੋਸਟਰ ਰਜਿਸਟਰ ਚੈੱਕ ਕੀਤੇ ਅਨੁਸਾਰ ਹੋਵੇਗਾ।

2) The post(s) of Obstetrics and Gynaecology lying vacant can't be filled due to pending seniority of PCMS Doctors from DHS, Punjab for those post(s) which was earlier advertised in 2019.

3) The one post of General Surgery is to kept vacant in compliance if interim order dated 06.01.2020 in CWP No. 7975 of 2016 passed by Hon'ble Punjab and Haryana High Court, Chandigarh.

**ਅਨੁਲੱਗ ਅ**

# ਯੋਗ ਪ੍ਰਣਾਲੀ (ਸਿਹਤ ਵਿਭਾਗ) ਰਾਹੀਂ

ਸੇਵਾ ਵਿਖੇ

ਡਾਇਰੈਕਟਰ,
ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਬਿਨੈਕਾਰ ਦੀ ਤਾਜਾ ਫੋਟੋ

**ਵਿਸ਼ਾ:-** **ਸਹਾਇਕ ਪ੍ਰੋਫੈਸਰ .......................................... ਵਿਭਾਗ ਦੀ ਤਰੱਕੀ ਕੋਟੇ ਦੀ ਅਸਾਮੀ ਲਈ ਪ੍ਰਤੀ ਬੇਨਤੀ। ਆਖਰੀ ਮਿਤੀ 24.12.2020.**

ਮੈਂ ਸਹਾਇਕ ਪ੍ਰੋਫੈਸਰ .......................................... ਵਿਭਾਗ ਦੀ ਅਸਾਮੀ ਲਈ ਅਪਲਾਈ ਕਰ ਰਿਹਾ ਹਾਂ। ਇਸ ਸਬੰਧੀ ਆਨ-ਲਾਈਨ ਅਰਜੀ ਫਾਰਮ ਭਰ ਕੇ ਇਸ ਪੱਤਰ ਨਾਲ ਨੱਥੀ ਕੀਤਾ ਗਿਆ ਹੈ (Online form link)। ਮੇਰੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

1) ਡਾਕਟਰ ਦਾ ਨਾਮ ਅਤੇ ਅਹੁੱਦਾ..........................................................
2) ਮੌਜੂਦਾ ਪੋਸਟਿੰਗ ..........................................................
..........................................................
..........................................................

3) ਪੀ.ਸੀ.ਐਮ.ਐਸ ਵਿੱਚ ਨਿਯੁਕਤੀ ਦੀ ਮਿਤੀ..........................................................
ੳ) ਤਦ ਅਰਥ ਆਧਾਰ ਤੇ ..........................................................
ਅ) ਰੈਗੂਲਰ ਆਧਾਰ ਤੇ ..........................................................
ੲ) ਸੀਨੀਆਰਤਾ ਨੰਬਰ ..........................................................
ਸ) ਸੇਵਾ ਨੰਬਰ ..........................................................
ਹ) ਕੈਟਾਗਰੀ : ਜਨਰਲ/ਅਨੁਸੂਚਿਤ ਜਾਤੀ/ ਪਛੜੀ ਸ੍ਰੇਣੀ/ ਹੋਰ

4) **ਪੋਸਟ ਗ੍ਰੈਜੂਏਟ ਕੋਰਸ ਦੀ ਸਪੈਸ਼ਲਿਟੀ ਅਤੇ ਸਮਾਂ** ..........................................................
5) **ਸੀਨੀਅਰ ਰੈਜੀਡੈਂਸੀ ਦੀ ਸਪੈਸ਼ਲਿਟੀ ਅਤੇ ਸਮਾਂ** ..........................................................

6) ਰੂਰਲ ਸੇਵਾ **ਚਾਰ ਸਾਲ ਤੋਂ ਵੱਧ ਜਾਂ ਘੱਟ** ..........................................................
7) **ਰੂਰਲ ਸੇਵਾ** ਦਾ ਵੇਰਵਾ (ਸਹੀ ਮਿਤੀ ਸਹਿਤ):-
..........................................................
..........................................................
..........................................................

8) ਮੈਟ੍ਰਿਕ ਦੇ ਸਰਟੀਫਿਕੇਟ ਤੇ ਦਰਸਾਈ ਜਨਮ ਮਿਤੀ ..........................................................
(ਸਬੂਤ ਵੱਜੋ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ)

9) ਇਹ ਤਸਦੀਕ ਕੀਤਾ ਜਾਵੇ ਕਿ ਤੁਸੀ ਅਨੁਸੂਚਿਤ ਜਾਤੀ/ ਪਛੜੀਆਂ ਸਰੇਣੀਆ ਜਾਂ ਇੰਡੀਅਨ ਆਰਮੀ ਫੋਰਸ ਤੇ ਰਲੀਵ ਹੋਏ ਅਫਸਰ ਹੋ, ਇਸ ਸਬੰਧੀ ਸਬੂਤ ਵੱਜੋ ਸਰਟੀਫਿਕੇਟ ਨੱਥੀ ਕੀਤਾ ਜਾਵੇ:-.........................................................................

10) ਕੀ ਦਸਵੀ ਪੱਧਰ ਤੱਕ ਪੰਜਾਬੀ ਵਿਸੇ ਨਾਲ ਪ੍ਰਿਖਿਆ ਪਾਸ ਕੀਤੀ ਹੈ (ਸਬੂਤ ਵੱਜੋ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ)।

11) **ਜੇਕਰ ਕੋਈ ਸ਼ਿਕਾਇਤ ਪੜਤਾਲ ਲੰਬਿਤ ਹੋਵੇ ਤਾਂ ਉਸ ਦੇ ਵੇਰਵੇ** :.........................................................
..........................................................................................................................

**ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਸੂਚਨਾ ਰਿਕਾਰਡ ਅਨੁਸਾਰ ਸਹੀ ਹੈ ਅਤੇ ਇਸ ਵਿੱਚ ਕੋਈ ਗੱਲ ਲੁਕਾਈ ਜਾਂ ਛੁਪਾਈ ਨਹੀਂ ਗਈ ਹੈ।**

**ਮਿਤੀ**................

**ਸਥਾਨ** ............. **ਉਮੀਦਵਾਰ ਦੇ ਹਸਤਾਖਰ**

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਜਿਹੜੀ ਸੂਚਨਾ ਉੱਪਰ ਦੱਸੀ ਗਈ ਹੈ, ਉਹ ਕਰਮਚਾਰੀ ਦੀ ਸੇਵਾ ਰਿਕਾਰਡ ਮੁਤਾਬਿਕ ਹੈ ਅਤੇ ਬਿਲਕੁੱਲ ਠੀਕ ਹੈ। ਉਮੀਦਵਾਰ ਵਿਰੁੱਧ ਕੋਈ ਸਿਕਾਇਤ /ਇੰਨਕੁਆਰੀ ਨਹੀਂ ਚੱਲ ਰਹੀ ਹੈ ਅਤੇ ਇਹਨਾਂ ਦਾ ਕੰਮ ਕਾਜ ਤਸੱਲੀਬਖਸ ਹੈ। ਉਮੀਦਵਾਰ ਉਕਤ ਆਸਾਮੀ ਲਈ ਪੜ੍ਹਾਈ ਅਤੇ ਯੋਗਤਾਵਾ ਰੱਖਦਾ ਹੈ।

ਕੰਟਰੋਲਿੰਗ ਅਫਸਰ **ਦੇ ਦਸਤਖਤ**